BC CANCER CERVIX SCREENING
Provincial Health Services Authority

ਸਕ੍ਰੀਨਿੰਗ ਟੈਸਟ ਦਾ ਨਤੀਜਾ

Notice Date
Test Result Date:

JANE SAMPLE
123 ANY STREET
CITY, PROVINCE, POSTAL CODE

ਨਤੀਜਿਆਂ ਬਾਰੇ ਸੂਚਨਾ –ਫਾਲੋ-ਅੱਪ ਲੋੜੀਂਦੀ ਹੈ

ਤੁਹਾਨੂੰ ਇਹ ਪੱਤਰ ਇਸ ਲਈ ਭੇਜਿਆ ਜਾ ਰਿਹਾ ਹੈ ਕਿਉਂਕਿ ਤੁਸੀਂ ਹਾਲ ਹੀ ਵਿੱਚ ਸਰਵਿਕਸ (ਬੱਚੇਦਾਨੀ ਦੇ ਮੂੰਹ) ਦੀ ਸਕ੍ਰੀਨਿੰਗ ਕਰਵਾਈ ਹੈ।

ਤੁਹਾਡੇ ਨਤੀਜੇ ਜਾਂ ਕਲੀਨਿਕਲ ਹਿਸਟਰੀ ਤੋਂ ਪਤਾ ਲੱਗਦਾ ਹੈ ਕਿ ਹੋਰ ਫਾਲੋ-ਅੱਪ ਦੀ ਲੋੜ ਹੈ। ਤੁਹਾਨੂੰ ਕੋਲਪੋਸਕੋਪੀ (Colposcopy) ਕਰਵਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ, ਜੋ ਸਰਵਿਕਸ ਨੂੰ ਹੋਰ ਧਿਆਨ ਨਾਲ ਦੇਖਣ ਲਈ ਵਰਤਿਆ ਜਾਣ ਵਾਲਾ ਇਕ ਅਮਲ ਹੈ। ਜਿਨ੍ਹਾਂ ਲੋਕਾਂ ਨੂੰ ਕੋਲਪੋਸਕੋਪੀ ਦੀ ਲੋੜ ਹੁੰਦੀ ਹੈ, ਉਹਨਾਂ ਵਿੱਚ ਸਰਵਿਕਸ ਦਾ ਕੈਂਸਰ ਹੋਣਾ ਬਹੁਤ ਘੱਟ ਹੁੰਦਾ ਹੈ।

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਇਸ ਪੱਤਰ ਦੇ ਨਾਲ ਪਾਈ ਗਈ ਪੁਸਤਿਕਾ ਪੜ੍ਹੋ।

ਅਗਲੇ ਕਦਮ: ਤੁਹਾਡੇ ਏਰੀਏ ਦਾ ਕੋਲਪੋਸਕੋਪੀ ਕਲੀਨਿਕ ਤੁਹਾਡੇ ਨਾਲ ਸਿੱਧਾ ਸੰਪਰਕ ਕਰੇਗਾ ਤਾਂ ਜੋ ਫਾਲੋ-ਅੱਪ ਮੁਲਾਕਾਤ ਦਾ ਸਮਾਂ ਨਿਰਧਾਰਤ ਕੀਤਾ ਜਾ ਸਕੇ। ਜੇਕਰ ਤੁਹਾਨੂੰ 6 ਹਫ਼ਤਿਆਂ ਦੇ ਅੰਦਰ ਕਲੀਨਿਕ ਵੱਲੋਂ ਕੋਈ ਸੰਪਰਕ ਨਹੀਂ ਮਿਲਦਾ, ਤਾਂ ਕਿਰਪਾ ਕਰਕੇ SAMPLE clinic ਨਾਲ SAMPLE Clinic ਦੇ ਫ਼ੋਨ ਨੰਬਰ 'ਤੇ ਸੰਪਰਕ ਕਰੋ।

ਜੇਕਰ ਅਗਲੇ ਕਦਮਾਂ ਜਾਂ ਨਤੀਜਿਆਂ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਕਿਸੇ ਸਿਹਤ-ਸੰਭਾਲ ਪ੍ਰਦਾਨਕਰਤਾ ਨਾਲ ਗੱਲ ਕਰੋ।

ਇਹ ਉਹ ਫ਼ੋਨ ਨੰਬਰ ਹਨ ਜੋ ਤੁਹਾਡੇ ਨਾਲ ਸੰਪਰਕ ਕਰਨ ਲਈ ਕੋਲਪੋਸਕੋਪੀ ਕਲੀਨਿਕ ਨੂੰ ਦਿੱਤੇ ਗਏ ਸਨ: ਘਰ : [1-123-000-0000] ਮੋਬਾਈਲ : [1-123-333-3333]। ਜੇਕਰ ਇਹ ਜਾਣਕਾਰੀ ਸਹੀ ਨਹੀਂ ਹੈ, ਤਾਂ ਕਿਰਪਾ ਕਰਕੇ SAMPLE clinic ਨਾਲ SAMPLE Clinic ਦੇ ਫ਼ੋਨ ਨੰਬਰ 'ਤੇ ਸੰਪਰਕ ਕਰਕੇ ਆਪਣਾ ਮੌਜੂਦਾ ਫ਼ੋਨ ਨੰਬਰ ਦਿਉ ।

ਜੇਕਰ ਤੁਸੀਂ ਆਪਣੀ ਪਿਛਲੀ ਸਰਵਿਕਸ ਸਕ੍ਰੀਨਿੰਗ ਤੋਂ ਬਾਅਦ ਆਪਣਾ ਸਿਹਤ-ਸੰਭਾਲ ਪ੍ਰਦਾਨਕਰਤਾ ਬਦਲ ਲਿਆ ਹੈ, ਤਾਂ ਕਿਰਪਾ ਕਰਕੇ 1-877-702-6566 'ਤੇ ਪ੍ਰੋਗਰਾਮ ਨਾਲ ਸੰਪਰਕ ਕਰੋ ਤਾਂ ਜੋ ਅਸੀਂ ਤੁਹਾਡੀ ਜਾਣਕਾਰੀ ਅੱਪਡੇਟ ਕਰ ਸਕੀਏ। ਜੇਕਰ ਤੁਹਾਡਾ ਪਤਾ ਬਦਲ ਗਿਆ ਹੈ, ਤਾਂ ਕਿਰਪਾ ਕਰਕੇ https://www.addresschange.gov.bc.ca 'ਤੇ ਜਾਉ ਤਾਂ ਜੋ ਤੁਸੀਂ ਇੱਕੋ ਸਮੇਂ ICBC ਅਤੇ Health Insurance BC ਵਿੱਚ ਆਪਣਾ ਪਤਾ ਆਨਲਾਈਨ ਅੱਪਡੇਟ ਕਰ ਸਕੋ।

ਸਰਵਿਕਸ ਸਕ੍ਰੀਨਿੰਗ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ www.screeningbc.ca/cervix 'ਤੇ ਜਾਉ ।

SAMPLE

BC CANCER CERVIX SCREENING
Provincial Health Services Authority

ਸਕ੍ਰੀਨਿੰਗ ਟੈਸਟ ਦਾ ਨਤੀਜਾ

ਮਰੀਜ਼ ਦੀ ਨਿੱਜਤਾ ਅਤੇ ਗੁਪਤਤਾ

ਮੈਨੂੰ ਇਹ ਪੱਤਰ ਕਿਉਂ ਪ੍ਰਾਪਤ ਹੋਇਆ ਹੈ?

ਤੁਹਾਨੂੰ ਇਹ ਪੱਤਰ ਇਸ ਲਈ ਭੇਜਿਆ ਜਾ ਰਿਹਾ ਹੈ ਕਿਉਂਕਿ ਤੁਸੀਂ ਹਾਲ ਹੀ ਵਿੱਚ ਸਰਵਿਕਸ ਸਕ੍ਰੀਨਿੰਗ ਕਰਵਾਈ ਹੈ। ਤੁਹਾਨੂੰ ਤੁਹਾਡੇ ਨਤੀਜੇ ਸਿੱਧੇ ਮੁਹੱਈਆ ਕਰਵਾ ਕੇ, ਅਸੀਂ ਤੁਹਾਨੂੰ ਆਪਣੀ ਸਰਵਿਕਸ ਸਿਹਤ ਦੀ ਰੱਖਿਆ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹਿਤ ਕਰ ਰਹੇ ਹਾਂ।

ਤੁਸੀਂ ਆਪਣੇ ਸਿਹਤ ਨਤੀਜਿਆਂ ਤੱਕ ਕਿਸੇ ਵੀ ਸਮੇਂ ਤੁਰੰਤ ਅਤੇ ਸੁਰੱਖਿਅਤ ਪਹੁੰਚ ਲਈ Health Gateway ਵਿੱਚ ਵੀ ਸਾਈਨ ਅੱਪ ਕਰ ਸਕਦੇ ਹੋ। ਰਜਿਸਟਰ ਕਰਨ ਲਈ www.healthgateway.gov.bc.ca 'ਤੇ ਜਾਉ।

ਤੁਸੀਂ ਮੇਰੀ ਨਿੱਜੀ ਸਿਹਤ ਅਤੇ ਸੰਪਰਕ ਜਾਣਕਾਰੀ ਕਿੱਥੋਂ ਪ੍ਰਾਪਤ ਕੀਤੀ ਹੈ?

Provincial Health Services Authority ਦੇ ਇੱਕ ਪ੍ਰੋਗਰਾਮ ਵਜੋਂ, ਅਸੀਂ ਉਹਨਾਂ ਸਰਕਾਰੀ ਸੰਸਥਾਵਾਂ ਅਤੇ ਸਿਹਤ ਪੇਸ਼ੇਵਰਾਂ ਤੋਂ ਸਬੰਧਿਤ ਨਿੱਜੀ ਸਿਹਤ ਅਤੇ ਸੰਪਰਕ ਜਾਣਕਾਰੀ ਪ੍ਰਾਪਤ ਕਰਦੇ ਹਾਂ ਜੋ ਤੁਹਾਡੀ ਦੇਖਭਾਲ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹੁੰਦੇ ਹਨ। ਅਸੀਂ ਇਸ ਜਾਣਕਾਰੀ ਦੀ ਵਰਤੋਂ ਇਹ ਨਿਰਧਾਰਤ ਕਰਨ ਲਈ ਕਰਦੇ ਹਾਂ ਕਿ ਤੁਹਾਨੂੰ ਕੈਂਸਰ ਸਕ੍ਰੀਨਿੰਗ ਸਬੰਧੀ ਪੱਤਰ ਕਦੋਂ ਭੇਜੇ ਜਾਣੇ ਚਾਹੀਦੇ ਹਨ ਅਤੇ ਤੁਹਾਡੇ ਸਕ੍ਰੀਨਿੰਗ ਨਤੀਜੇ ਤੁਹਾਨੂੰ ਪ੍ਰਦਾਨ ਕਰਨ ਲਈ। BC Cancer ਹਰ ਸਮੇਂ ਤੁਹਾਡੀ ਜਾਣਕਾਰੀ ਨੂੰ ਨਿੱਜੀ, ਗੁਪਤ ਅਤੇ ਸੁਰੱਖਿਅਤ ਰੱਖਣ ਲਈ ਵਚਨਬੱਧ ਹੈ।

ਅਸੀਂ ਇਸ ਜਾਣਕਾਰੀ ਦੀ ਵਰਤੋਂ ਇਹਨਾਂ ਉਦੇਸ਼ਾਂ ਲਈ ਕਰਦੇ ਹਾਂ:

- ਜਦੋਂ ਤੁਸੀਂ ਉਮਰ ਅਨੁਸਾਰ ਯੋਗ ਹੋ ਜਾਉ ਤਾਂ ਤੁਹਾਨੂੰ ਸਕ੍ਰੀਨਿੰਗ ਬਾਰੇ ਵਿਚਾਰ ਕਰਨ ਲਈ ਸੱਦਾ ਦੇਣਾ;
- ਤੁਹਾਨੂੰ ਯਾਦ ਦਿਵਾਉਣਾ ਕਿ ਤੁਹਾਡੀ ਅਗਲੀ ਸਕ੍ਰੀਨਿੰਗ ਜਾਂਚ ਕਦੋਂ ਹੋਣੀ ਹੈ; ਅਤੇ
- ਤੁਹਾਨੂੰ ਤੁਹਾਡੇ ਸਕ੍ਰੀਨਿੰਗ ਟੈਸਟ ਦੇ ਨਤੀਜਿਆਂ ਬਾਰੇ ਜਾਣਕਾਰੀ ਦੇਣਾ, ਜਿਸ ਵਿੱਚ ਫਾਲੋ-ਅੱਪ ਜਾਣਕਾਰੀ (ਜੇ ਲੋੜੀਂਦੀ ਹੋਵੇ) ਵੀ ਸ਼ਾਮਲ ਹੈ।

ਭਵਿੱਖ ਵਿੱਚ ਸਰਵਿਕਸ ਸਕ੍ਰੀਨਿੰਗ ਸਬੰਧੀ ਫੀਡਬੈਕ ਸਰਵੇਖਣ ਪੂਰਾ ਕਰਨ ਲਈ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

BC Cancer ਬ੍ਰਿਟਿਸ਼ ਕੋਲੰਬੀਆ ਦੇ ਨਿਵਾਸੀਆਂ ਲਈ ਕੈਂਸਰ ਦੇਖਭਾਲ ਦੀ ਸੂਬਾ-ਪੱਧਰੀ ਯੋਜਨਾ ਬਣਾਉਣ ਅਤੇ ਖੇਤਰੀ ਪੱਧਰ 'ਤੇ ਸੇਵਾਵਾਂ ਪ੍ਰਦਾਨ ਕਰਨ ਦੀ ਅਗਵਾਈ ਕਰਦਾ ਹੈ। BC Cancer ਦਾ ਮੰਡੇਟ ਕੈਂਸਰ ਦੇਖਭਾਲ ਦੇ ਪੂਰੇ ਦਾਇਰੇ ਨੂੰ ਕਵਰ ਕਰਦਾ ਹੈ ਅਤੇ ਇਸ ਵਿੱਚ ਬ੍ਰਿਟਿਸ਼ ਕੋਲੰਬੀਆ ਲਈ ਵਿਵਸਥਿਤ ਕੈਂਸਰ ਸਕ੍ਰੀਨਿੰਗ ਪ੍ਰੋਗਰਾਮ ਵੀ ਸ਼ਾਮਲ ਹਨ।

BC Cancer Screening ਵੱਲੋਂ ਭੇਜੀਆਂ ਗਈਆਂ ਸੂਚਨਾਵਾਂ ਬਾਰੇ ਸਵਾਲ ਹਨ?

ਕਿਰਪਾ ਕਰਕੇ www.screeningbc.ca/notifications 'ਤੇ ਜਾਉ

Important information, please translate.
重要信息，请翻译。
ਮਹੱਤਵਪੂਰਨ ਜਾਣਕਾਰੀ, ਕਿਰਪਾ ਕਰਕੇ ਅਨੁਵਾਦ ਕਰੋ।
Mahalagang impormasyon, mangyaring isalin sa wikang tagalog.
Información importante; por favor, tradúzcala.
معلومات مهمة ، يرجى الترجمة.

Information importante, veuillez traduire.
重要信息，請翻譯。
Wichtige Informationen, bitte übersetzen.
중요한 정보를 번역하십시오.
Tin tức quan trọng, xin phiên dịch.
اطلاعات مهم ، لطفاً ترجمه کنید.

ਤੁਹਾਡੀ ਨਿੱਜੀ ਜਾਣਕਾਰੀ Personal Information Protection Act ਅਤੇ, ਜਿੱਥੇ ਲਾਗੂ ਹੋਵੇ, Freedom of Information and Protection of Privacy Act ਦੇ ਅਨੁਸਾਰ ਇਕੱਠੀ ਕੀਤੀ ਜਾਂਦੀ ਹੈ ਅਤੇ ਗੈਰ-ਅਧਿਕਾਰਤ ਵਰਤੋਂ ਅਤੇ ਖੁਲਾਸਾ ਕਰਨ ਤੋਂ ਸੁਰੱਖਿਅਤ ਰੱਖੀ ਜਾਂਦੀ ਹੈ ਅਤੇ ਇਸ ਜਾਣਕਾਰੀ ਦੀ ਵਰਤੋਂ ਅਤੇ ਖੁਲਾਸਾ ਕੇਵਲ ਉਹਨਾਂ ਕਾਨੂੰਨਾਂ ਅਨੁਸਾਰ ਹੀ ਕੀਤਾ ਜਾ ਸਕਦਾ ਹੈ। ਇਹ ਨਿੱਜੀ ਜਾਣਕਾਰੀ ਮਰੀਜ਼ਾਂ ਨੂੰ ਮੈਡੀਕਲ ਸੇਵਾਵਾਂ ਪ੍ਰਦਾਨ ਕਰਨ ਅਤੇ ਸਰਵਿਕਸ ਸਕ੍ਰੀਨਿੰਗ ਪ੍ਰੋਗਰਾਮ ਸਹਾਇਤਾ ਦੇਣ ਲਈ ਵਰਤੀ ਜਾਂਦੀ ਹੈ। ਇਕੱਠੀ ਕੀਤੀ ਗਈ ਜਾਣਕਾਰੀ ਕੁਆਲਿਟੀ ਯਕੀਨੀਕਰਨ ਦੇ ਪ੍ਰਬੰਧਨ ਲਈ ਵਰਤੀ ਜਾਂਦੀ ਹੈ ਅਤੇ ਦੇਖਭਾਲ ਪ੍ਰਦਾਨ ਕਰਨ ਵਿੱਚ ਸ਼ਾਮਲ ਸਿਹਤ-ਸੰਭਾਲ ਪ੍ਰਦਾਨਕਰਤਿਆਂ ਨਾਲ ਸਾਂਝੀ ਕੀਤੀ ਜਾਂਦੀ ਹੈ ਜਾਂ ਜਦੋਂ ਕਾਨੂੰਨ ਅਨੁਸਾਰ ਲੋੜ ਹੋਵੇ ਤਾਂ ਪ੍ਰਗਟ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, ਸਰਵਿਕਸ ਸਕ੍ਰੀਨਿੰਗ ਪ੍ਰੋਗਰਾਮ ਮਰੀਜ਼ਾਂ ਨੂੰ ਨਤੀਜਿਆਂ ਬਾਰੇ ਸੂਚਿਤ ਕਰੇਗਾ, ਮਰੀਜ਼ਾਂ ਅਤੇ ਉਨ੍ਹਾਂ ਦੇ ਮੁਢਲੀ ਸਿਹਤ-ਸੰਭਾਲ ਪ੍ਰਦਾਨਕਰਤਿਆਂ ਨੂੰ ਮੁੜ ਸਕ੍ਰੀਨਿੰਗ ਜਾਂ ਫਾਲੋ-ਅੱਪ ਬਾਰੇ ਯਾਦ ਦਿਵਾਏਗਾ, ਅਤੇ ਸਕ੍ਰੀਨਿੰਗ ਪ੍ਰਕਿਰਿਆ ਦੀ ਕੁਆਲਿਟੀ ਅਤੇ ਕਾਰਗੁਜ਼ਾਰੀ ਦੀ ਨਿਗਰਾਨੀ ਕਰੇਗਾ।
BC Cancer ਦੁਆਰਾ ਜਾਣਕਾਰੀ ਇਕੱਠੀ ਕਰਨ ਸਬੰਧੀ ਕੋਈ ਵੀ ਸਵਾਲ ਹੇਠਾਂ ਦਿੱਤੇ ਪਤੇ 'ਤੇ ਭੇਜੇ ਜਾ ਸਕਦੇ ਹਨ: 801 – 686 West Broadway, Vancouver BC V5Z 1G1, ਜਾਂ ਈਮੇਲ: screening@bccancer.bc.ca। ਜੇਕਰ ਇਹ ਜਾਣਕਾਰੀ ਤੁਹਾਨੂੰ ਗਲਤੀ ਨਾਲ ਪ੍ਰਾਪਤ ਹੋਈ ਹੈ, ਤਾਂ ਕਿਰਪਾ ਕਰਕੇ ਤੁਰੰਤ ਭੇਜਣ ਵਾਲੇ ਨਾਲ ਸੰਪਰਕ ਕਰੋ।

SAMPLE